# ਦਫਤਰ ਜਿਲਾ ਮੈਜਿਸਟਰੇਟ,ਰੂਪਨਗਰ

## (ਫੁਟਕਲ ਸ਼ਾਖਾ)

**ਹੁਕਮ :**

ਜਿਵੇ ਕਿ ਸਰਦ ਰੁੱਤ ਦਾ ਮੌਸਮ ਸ਼ੁਰੂ ਹੋ ਚੁੱਕਾ ਹੈ ਅਤੇ ਧੁੰਦ ਵੀ ਪੈ ਰਹੀ ਹੈ, ਇਸ ਕਰਕੇ ਛੋਟੇ ਬੱਚਿਆਂ ਦੀ ਸਿਹਤ ਖਰਾਬ ਹੋਣ ਦਾ ਜਿਆਦਾ ਡਰ ਹੈ। ਇਸ ਤੋਂ ਇਲਾਵਾ ਸੰਘਣੀ ਧੁੰਦ ਕਾਰਨ ਕਈ ਥਾਵਾਂ ਤੇ ਕਈ ਹਾਦਸੇ ਵੀ ਵਾਪਰ ਚੁੱਕੇ ਹਨ ਅਤੇ ਕਈ ਕੀਮਤੀ ਜਾਨਾਂ ਵੀ ਜਾ ਚੁੱਕੀਆਂ ਹਨ, ਜਿਨ੍ਹਾਂ ਵਿਚ ਛੋਟੇ ਬੱਚੇ ਵੀ ਸ਼ਾਮਲ ਹਨ। ਅਜਿਹੇ ਹਾਲਤਾਂ ਵਿਚ ਘਟਨਾਵਾਂ ਨਾ ਵਾਪਰਨ ਉਸਦੀ ਚੌਕਸੀ ਵਰਤਨ ਦੀ ਲੋੜ ਹੈ।

ਇਸ ਲਈ ਮੈ ਗੁਰਨੀਤ ਤੇਜ਼ ਆਈ.ਏ.ਐਸ.,ਜਿਲਾ ਮੈਜਿਸਟਰੇਟ, ਰੂਪਨਗਰ ਫੌਜਦਾਰੀ ਜਾਬਤਾ ਸੰਘਤਾ 1973 (1974) ਦੇ ਐਕਟ 2 ਅਧੀਨ ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਛੋਟੇ ਬੱਚਿਆਂ ਦੀ ਸਿਹਤ ਅਤੇ ਜਾਨੀ ਸੁਰੱਖਿਆ ਨੂੰ ਮੱਦੇ ਨਜ਼ਰ ਰੱਖਦੇ ਹੋਏ ਮਿਤੀ 04-0.-2018 ਤੋਂ ਲੈਕੇ ਮਿਤੀ 10-01-2018 ਤੱਕ ਜਿਲੇ ਅਧੀਨ ਆਉਂਦੇ ਸਾਰੇ ਸਰਕਾਰੀ/ਅਰਧ ਸਰਕਾਰੀ/ਪ੍ਰਾਈਵੇਟ ਸਕੂਲਾਂ ਅਤੇ ਆਂਗਣਬਾੜੀ ਸੈਂਟਰਾਂ ਦੇ ਖੁੱਲਣ ਦਾ **ਸਮਾਂ ਸਵੇਰੇ 10-00 ਵਜੇ ਕਰਨ** ਦਾ ਹੁਕਮ ਦਿੰਦੀ ਹਾਂ।ਸਕੂਲ/ਆਂਗਣਬਾੜੀ ਸੈਂਟਰ ਬੰਦ ਹੋਣ ਦਾ ਸਮਾਂ ਪਹਿਲਾਂ ਲਾਗੂ ਸਡਿਊਲ ਅਨੁਸਾਰ ਹੀ ਹੋਵੇਗਾ।

ਜਿਲਾ ਸਿੱਖਿਆ ਅਫਸਰ (ਸੈਕੰਡਰੀ/ਪ੍ਰਾਇਮਰੀ),ਰੂਪਨਗਰ ਅਤੇ ਜਿਲਾ ਪ੍ਰੋਗਰਾਮ ਅਫਸਰ ਰੂਪਨਗਰ ਇਸ ਹੁਕਮ ਦੀ ਸਖਤੀ ਨਾਲ ਇੰਨ-ਬਿੰਨ ਪਾਲਣਾ ਕਰਵਾਉਣ ਲਈ ਜਿੰਮੇਵਾਰ ਹੋਣਗੇ।

ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕਤਰਫਾ ਜਾਰੀ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਤ ਕੀਤਾ ਜਾਂਦਾ ਹੈ।ਇਹ ਹੁਕਮ ਜਿਲਾ ਲੋਕ ਸੰਪਰਕ ਅਫਸਰ,ਰੂਪਨਗਰ ਦੀ ਪ੍ਰਚਾਰ ਵੈਨ ਰਾਹੀਂ ਮੁਨਾਦੀ ਕਰਵਾ ਕੇ ਅਤੇ ਹੁਕਮਾਂ ਦੀਆਂ ਨਕਲਾਂ ਉਪ ਮੰਡਲ ਮੈਜਿਸਟਰੇਟਾਂ/ਦਫਤਰ ਤਹਿਸੀਲਦਾਰਾਂ/ਦਫਤਰ ਬੀ.ਡੀ.ਪੀ.ਓ /ਨਗਰ ਕੌਸਲਾਂ/ਨਗਰ ਪੰਚਾਇਤਾਂ ਦੇ ਦਫਤਰਾਂ ਦੇ ਨੋਟਿਸ ਬੋਰਡ ਅਤੇ ਪਿੰਡ/ਸ਼ਹਿਰਾਂ ਦੀਆਂ ਹੋਰ ਉਘੀਆਂ ਥਾਵਾਂ ਤੇ ਚਸਪਾਂ ਕਰਕੇ ਲਾਗੂ ਕੀਤਾ ਜਾਵੇਗਾ।

ਇਹ ਹੁਕਮ ਅੱਜ ਮਿਤੀ 03-01-2018 ਨੂੰ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਹੇਠ ਜਾਰੀ ਕੀਤਾ ਗਿਆ ਹੈ।

ਸਹੀ/-
ਜਿਲਾ ਮੈਜਿਸਟਰੇਟ,
ਰੂਪਨਗਰ।

ਪਿੱਠ ਅੰਕਣ ਨੰ: 45-94 /ਫਸ-1ਮਿਤੀ 3/1/18

ਇਸ ਦਾ ਇਕ ਉਤਾਰਾ:-

1. ਮੁੱਖ ਸਕੱਤਰ ,ਪੰਜਾਬ ਸਰਕਾਰ,ਚੰਗੀਗੜ੍ਹ।
2. ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ,ਗ੍ਰਹਿ ਮਾਮਲੇ ਤੇ ਨਿਆਂ ਵਿਭਾਗ,ਪੰਜਾਬ ਚੰਡੀਗੜ੍ਹ।
3. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਸਿੱਖਿਆ ਵਿਭਾਗ,ਪੰਜਾਬ ਚੰਡੀਗੜ੍ਹ।
4. ਡਾਇਰੈਕਟਰ ਜਨਰਲ ਪੁਲਿਸ,ਪੰਜਾਬ ਸਰਕਾਰ, ਚੰਡੀਗੜ੍ਹ।
5. ਕਮਿਸ਼ਨਰ ਰੂਪਨਗਰ ਮੰਡਲ ਰੂਪਨਗਰ।
6. ਡੀ.ਆਈ.ਜੀ. ਰੂਪਨਗਰ ਰੇਜ਼ ਰੂਪਨਗਰ।
7. ਸਮੂਹ ਜਿਲਾ ਮੈਜਿਸਟਰੇਟ, ਅਜੀਤਗੜ੍ਹ (ਮੋਹਾਲੀ), ਪਟਿਆਲਾ, ਫਤਿਹਗੜ੍ਹ ਸਾਹਿਬ, ਸੰਗਰੂਰ ਬਰਨਾਲਾ, ਬਠਿੰਡਾ, ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਫਿਰੋਜਪੁਰ, ਮਾਨਸਾ, ਮੋਗਾ, ਲੁਧਿਆਣਾ,ਜਲੰਧਰ, ਕਪੂਰਥਲਾ, ਤਰਨਤਾਰਨ, ਅਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਸਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ), ਫਾਜਿਲਕਾ, ਪਠਾਨਕੋਟ।
8. ਡਾਇਰੈਕਟਰ, ਆਲ ਇੰਡੀਆ ਰੇਡੀਓ, ਜਲੰਧਰ।
9. ਸੀਨੀਅਰ ਪੁਲਿਸ ਕਪਤਾਨ, ਰੂਪਨਗਰ (20 ਕਾਪੀਆਂ)
10. ਜਿਲ੍ਹਾ ਸੈਸ਼ਨ ਜੱਜ,ਰੂਪਨਗਰ।
11. ਉਪ ਮੰਡਲ ਮੈਜਿਸਟਰੇਟ, ਰੂਪਨਗਰ/ ਸ੍ਰੀ ਚਮਕੌਰ ਸਾਹਿਬ/ ਸ੍ਰੀ ਆਨੰਦਪੁਰ ਸਾਹਿਬ/ਨੰਗਲ।
12. ਜਿਲਾ ਲੋਕ ਸੰਪਰਕ ਅਫਸਰ,ਰੂਪਨਗਰ (20 ਕਾਪੀਆਂ)
13. ਜਿਲਾ ਸਿੱਖਿਆ ਅਫਸਰ (ਸੈਕ: ਅਤੇ ਐਲੀ:),ਰੂਪਨਗਰ।
14. ਜਿਲ੍ਹਾ ਪ੍ਰੋਗਰਾਮ ਅਫਸਰ,ਰੂਪਨਗਰ।
15. ਤਹਿਸੀਲਦਾਰ, ਰੂਪਨਗਰ/ ਸ੍ਰੀ ਚਮਕੌਰ ਸਾਹਿਬ/ ਸ੍ਰੀ ਆਨੰਦਪੁਰ ਸਾਹਿਬ/ਨੰਗਲ।
16. ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਰੂਪਨਗਰ/ਸ੍ਰੀ ਆਨੰਦਪੁਰ ਸਾਹਿਬ/ਨੂਰਪੁਰ ਬੇਦੀ/ਸ੍ਰੀ ਚਮਕੌਰ ਸਾਹਿਬ/ ਮੋਰਿੰਡਾ।
17. ਕਾਰਜ ਸਾਧਕ ਅਫਸਰ, ਨਗਰ ਕੌਂਸ਼ਲ, ਰੂਪਨਗਰ/ਮੋਰਿੰਡਾ/ ਸ੍ਰੀ ਆਨੰਦਪੁਰ ਸਾਹਿਬ/ਨੰਗਲ
18. ਕਾਰਜ ਸਾਧਕ ਅਫਸਰ ਨਗਰ ਪੰਚਾਇਤ ਸ੍ਰੀ ਚਮਕੌਰ ਸਾਹਿਬ/ਕੀਰਤਪੁਰ ਸਾਹਿਬ
19. ਪੀ.ਏ. ਟੂ ਡੀ.ਐਮ.,/ਏ.ਡੀ.ਐਮ., ਰੂਪਨਗਰ।
20. ਜਿਲ੍ਹਾ ਸੂਚਨਾ ਅਫਸਰ, ਰੂਪਨਗਰ।

ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਕਮਿਸ਼ਨਰ(ਜ)
ਵਾ: ਜਿਲਾ ਮੈਜਿਸਟਰੇਟ,
ਰੂਪਨਗਰ।